ੴ ਵਾਹਿਗੁਰੂ ਜੀ ਕੀ ਫ਼ਤਹਿ

# ਇੱਕ ਸਵਾਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਅਖਵਾਣ ਵਾਲੇ ਅਤੇ ਆਪਣੀ ਅਥਾਹ ਸ਼ਰਧਾ ਦਾ ਦਾਵਾ ਕਰਣ ਵਾਲੇ ਗੁਰ ਸਿੱਖਾ ਤੇਰੇ ਸਾਹਮਣੇ ਇੱਕ ਅਹਿਮ ਸਵਾਲ ਖੜਾ ਹੈ? ਤੇਰੀ ਮੌਜੂਦਗੀ ਵਿੱਚ ਅੱਜ ਥਾਂ-ਥਾਂ ਤੇਰੇ ਗੁਰੂ ਦੀ ਘੋਰ ਬੇਅਦਬੀ ਕੀਤੀ ਜਾ ਰਹੀ ਹੈ। ਕੇਂਦਰੀ ਅਸਥਾਨਾਂ, ਵੱਡੇ ਵੱਡੇ ਡੇਰਿਆਂ ਵਿੱਚ ਦੁਕਾਨ ਦੇ ਸੌਦੇ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਬਰਾਬਰ ਅਸ਼ਲੀਲਤਾ ਭਰਪੂਰ ਗੁਰਮਤਿ ਸਿਧਾਂਤ ਵਿਰੋਧੀ ਰਚਨਾਵਾਂ ਦਾ ਪ੍ਰਕਾਸ਼, ਦੇਹਧਾਰੀ ਗੁਰੂਆਂ ਦੇ ਸਿੰਘਾਸਣ ਅਤੇ ਮੂਰਤੀਆਂ, ਫੋਟੋਆਂ ਦੇ ਸਿੰਘਾਸਣ ਲਾਕੇ ਪੂਜਾ ਹੋ ਰਹੀ ਹੈ। ਬਾਣੀ ਗੁਰੂ ਦੇ ਹੁਕਮਾਂ ਨੂੰ ਲਾਂਭੇ ਰੱਖ ਕੇ ਦੇਹਧਾਰੀਆਂ ਦੇ ਹੁਕਮਾਂ ਤੇ ਫੁੱਲ ਚੜ੍ਹਾਏ ਜਾ ਰਹੇ ਹਨ।

**ਕੀ ਇਹ ਸਭ ਸਿੱਖ ਦੀ ਸਿੱਖੀ ਜ਼ਮੀਰ ਨੂੰ ਚੈਲੰਜ ਨਹੀਂ ਹੈ? ਕੀ ਤੇਰੀ ਸਿੱਖੀ ਜ਼ਮੀਰ ਮਰ ਚੁੱਕੀ ਹੈ, ਸੌਂ ਚੁਕੀ ਹੈ ਜਾਂ ਤੂੰ ਅੱਖਾਂ ਬੰਦ ਕਰਕੇ ਜੀਉ ਰਿਹਾ ਹੈਂ?**

ਅੱਜ ਸਿੱਖੀ ਦੇ ਵਿਹੜੇ ਵਿਚ ਸਿੱਖੀ ਭਵਿੱਖ ਲਈ ਘਾਤਕ ਹਾਲਾਤ ਬਣੇ ਹੋਏ ਹਨ। ਗੁਰੂ ਡੰਭ, ਡੇਰੇ, ਸੰਪਰਦਾਵਾਂ ਸਿੱਖੀ ਦੇ ਬਾਣੇ ਨੀਲੇ-ਪੀਲੇ ਚੋਲਿਆਂ ਹੇਠ ਬ੍ਰਾਹਮਣਵਾਦ ਦਾ ਕਰਮ ਕਾਂਡ ਛਾਅ ਰਿਹਾ ਹੈ, ਗੁਰੂ ਕਹਿੰਦੇ ਹਨ :

*ਮਃ ੧॥ ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*
ਅਗੇ ਜਾਕੇ ਫਿਰ ਕਹਿੰਦੇ ਹਨ:
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥*

ਅੱਜ ਵੱਡੀਆਂ ਵੱਡੀਆਂ ਪਦਵੀਆਂ ਤੇ ਬੈਠੇ ਵੇਦ ਵਕਤਾ, ਆਪੂ ਬਣੇ ਵਿਦਵਾਨ, ਚੌਧਰ ਤੇ ਦੌਲਤ ਲਈ ਵੱਖ ਵੱਖ ਹੱਥਾਂ ਵਿਚ ਖੇਡਦੇ "*ਮੂਰਖ ਪੰਡਿਤ ਹਿਕਮਤ ਹੁਜਤ*" ਨਾਲ ਆਪਸ ਵਿੱਚ ਟਕਰਾ ਰਹੇ ਹਨ। ਡੇਰੇ ਕੁਕਰਮ ਕਾਂਡ ਦਾ ਕੇਂਦਰ ਬਣ ਰਹੇ ਹਨ, ਦੂਜੇ ਪਾਸੇ ਇਸ ਸਾਰੀ ਅਧੋਗਤੀ ਦੇ ਜਿੰਮੇਵਾਰ ਉਹ ਲੋਕ ਵੀ ਹਨ ਜਿਹੜੇ ਸਿੱਖ ਸੰਗਤ, ਗੁਰਦੁਆਰਾ ਪ੍ਰਬੰਧਕ ਅਤੇ ਪ੍ਰਚਾਰਕ ਅਖਵਾਂਉਦੇ ਹਨ ਪਰ "*ਅੰਧੀ ਰਯਤਿ ਗਿਆਨ ਵਿਹੂਣੀ*" ਵਾਂਗੂੰ ਉਹਨਾਂ ਦੇ ਪਿੱਛੇ ਲੱਗ ਕੇ ਧਰਮ ਕਮਾਉਣ ਦੇ ਭੁਲੇਖੇ ਧਰਮ ਗਵਾ ਰਹੇ ਹਨ । ਨਾ ਉਹਨਾਂ ਤੇ ਬਾਣੀ ਗੁਰੂ ਦਾ ਕੋਈ ਅਸਰ ਹੈ ਅਤੇ ਨਾ ਜੁਗੋ ਜੁੱਗ ਅਟੱਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀ ਦੇਖ ਕੇ ਵੀ ਉਹਨਾਂ ਨੂੰ ਜਾਗ੍ਰਤੀ ਆਉਂਦੀ ਹੈ। ਉਲਟਾ ਗ਼ਫਲਤਾ ਦੀ ਨੀਂਦ ਤੋਂ ਜਾਗ ਕੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਦੀ ਗੱਲ ਨੂੰ ਸਮਝਣ ਦੀ ਥਾਵੇਂ ਕੰਟਰੋਵਰਸੀ (controversy) ਆਖ ਕੇ ਅੱਖਾਂ ਬੰਦ ਕਰ ਲੈਂਦੇ ਹਨ।

ਚਾਹੀਦਾ ਤੇ ਇਹ ਹੈ ਜੇ ਉਹਨਾਂ ਦਾ ਗੁਰੂ ਨਾਲ ਥੋੜਾ ਵੀ ਪਿਆਰ ਹੈ, ਜੇ ਉਹ ਗੁਰੂ ਦਾ ਅਦਬ ਚਾਹੁੰਦੇ ਹਨ ਤਾਂ ਉਹ ਹੋ ਰਹੀ ਬੇਅਦਬੀ ਰੋਕਣ ਲਈ ਇੱਕ ਅਵਾਜ਼ ਬਨਣ, ਨਹੀਂ ਤਾਂ ਘੱਟੋ ਘੱਟ ਜਿਹਨਾਂ ਡੇਰਿਆਂ ਜਾਂ ਅਸਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ, ਪੋਥੀ, ਫੋਟੋ {ਮੂਰਤੀ} ਜਾਂ ਕਿਸੇ ਦੇਹਧਾਰੀ ਦਾ ਆਸਣ ਲਾਇਆ ਜਾਂਦਾ ਹੋਵੇ, ਉੱਥੇ ਸਿੱਖ ਅਖਵਾਣ ਵਾਲੇ ਬਿਲਕੁੱਲ ਨਾ ਜਾਣ। ਭਾਵੇਂ ਉਹ ਜਿੱਡਾ ਮਰਜ਼ੀ ਵੱਡਾ ਡੇਰਾ ਜਾਂ ਅਸਥਾਨ ਹੋਵੇ।

ਸਿੰਘੋ ਜਾਗੋ ਤੁਹਾਡੀ ਹੀ ਕੀਤੀ ਹੋਈ ਭੇਟਾ ਤੋਂ ਵੱਡੀਆਂ ਵੱਡੀਆਂ ਇਮਾਰਤਾਂ ਬਣਾ ਕੇ ਪਲ ਰਹੇ ਇਹ ਅਸਥਾਨਾਂ ਤੇ ਬੈਠੇ ਲੋਕ ਤੁਹਾਡੇ ਹੀ ਸਾਹਮਣੇ ਤੁਹਾਡੇ ਹੀ ਜੀਵਨ ਦਾਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਰਹੇ ਹਨ। ਇਸ ਘੋਰ ਪਾਪ ਨੂੰ ਠੱਲ ਉਦੋਂ ਹੀ ਪਵੇਗੀ ਜਦੋਂ ਸਿੱਖ ਪ੍ਰਣ ਕਰਕੇ ਐਸੇ ਡੇਰਿਆਂ ਅਤੇ ਅਸਥਾਨਾਂ ਤੇ ਜਾਣਾ ਬੰਦ ਕਰੇਗਾ। ਗੁਰੂ ਕਾ ਹੁਕਮ ਹੈ :

*ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥*
*ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥*
*ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰ ਦਾ ਕੂਕਰ

ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ

# ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕੁੱਝ ਸਵਾਲ

੧– ਪਟਨਾ ਸਾਹਿਬ ਦੇ ਜਥੇਦਾਰ ਨੇ ਪੰਥਕ ਮਰਿਆਦਾ ਅਤੇ ਨਾਨਕ ਸ਼ਾਹੀ ਕਲੈਂਡਰ ਨੂੰ ਚੈਲੰਜ ਕੀਤਾ – ਤੁਸੀਂ ਕੋਈ ਐਕਸ਼ਨ ਲਿਆ?

੨– ਸ਼੍ਰੋਮਣੀ ਕਮੇਟੀ ਨੇ ਨਾਂਦੇੜ ਸਾਹਿਬ ਜਾਕੇ ੩੦ ਅਕਤੂਬਰ ੨੦੦੮ ਨੂੰ ਸ਼ਤਾਬਦੀ ਮਨਾਉਣ ਦਾ ਐਲਾਨ ਕਰਕੇ ਨਾਨਕ ਸ਼ਾਹੀ ਕਲੈਂਡਰ ਦੀ ਹੋਂਦ ਖਤਮ ਕਰਨੀ ਮਨ ਲਈ, ਕਿਉਂਕਿ ਕਲੈਂਡਰ ਮੁਤਾਬਕ ਸ਼ਤਾਬਦੀ ਪੁਰਬ ੨੦ ਅਕਤੂਬਰ ਦਾ ਹੈ – – ਤੁਸੀਂ ਕੋਈ ਐਕਸ਼ਨ ਲਿਆ?

੩– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦਸਮ ਗ੍ਰੰਥ ਜਾਂ ਹੋਰ ਕਿਸੇ ਗ੍ਰੰਥ ਪੋਥੀ ਦਾ ਪ੍ਰਕਾਸ਼ ਕਰਨਾ, ਕਿਸੇ ਵਿਅਕਤੀ ਜਾਂ ਮੂਰਤੀ ਦਾ ਆਸਣ ਲਾਉਣਾ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੀ ਬੇਅਦਬੀ ਨਹੀਂ ਹੈ ਜਾਂ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਨਹੀਂ ਹੈ? ਜੇ ਹੈ ਤਾਂ ਫਿਰ ਐਸੇ ਅਸਥਾਨਾਂ ਦੇ ਪ੍ਰੋਗਰਾਮਾਂ ਵਿੱਚ ਆਪ ਕਿਉਂ ਜਾਂਦੇ ਹੋ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਰਹੀ ਹੋਵੇ। ਨਾਨਕਸਰ ਮੂਰਤੀ ਪੂਜਾ ਹੁੰਦੀ ਹੈ, ਹਜ਼ੂਰ ਸਾਹਿਬ ਦਸਮ ਗ੍ਰੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ ਕਰਕੇ ਚੌਰ ਅਤੇ ਹੁਕਮਨਾਮਾ ਲਿਆ ਜਾਂਦਾ ਹੈ – – ਤੁਸੀਂ ਕੋਈ ਐਕਸ਼ਨ ਲਿਆ?

੪– ਹੈਡ ਗ੍ਰੰਥੀ ਹਜ਼ੂਰ ਸਾਹਿਬ ਗਿ: ਪਰਤਾਪ ਸਿੰਘ ਨੇ ਜਾਗ੍ਰਤੀ ਯਾਤਰਾ ਦੌਰਾਨ ਗੋਇੰਦਵਾਲ ਸਾਹਿਬ ਵਿਚ ਲੈਕਚਰ ਕਰਦਿਆਂ ਆਖਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਲੀ ਬੀੜ ਸਾਡੇ ਕੋਲ ਹੈ, ਪੰਜਾਬ ਵਿਚ ਅਤੇ ਹੋਰ ਥਾਂਈ ਨਕਲੀ ਬੀੜ ਹੈ, ਇਸ ਲਈ ਪੰਜਾਬ ਵਿਚ ਪਤਿਤ–ਪੁਣਾ ਵਧ ਰਿਹਾ ਹੈ। ਕੀ ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਕੀ ਬੀੜਾਂ ਦਾ ਨਿਰਾਦਰ ਅਤੇ ਕੌਮ ਨੂੰ ਭਰਮ ਵਿਚ ਪਾਉਣਾ ਨਹੀਂ? ਜੋ ਲੋਕ ਰੋਜ਼ ਗੁਰਦੁਆਰਿਆਂ ਵਿਚ ਨਮਸਕਾਰ ਕਰਦੇ ਹਨ ਕੀ ਉਹ ਨਕਲੀ ਗੁਰੂ ਦਾ ਦਰਸ਼ਨ ਕਰਦੇ ਹਨ – ਤੁਸੀਂ ਕੋਈ ਐਕਸ਼ਨ ਲਿਆ?

੫– ਅੱਜ ਬਾਦਲ ਅਕਾਲੀ ਦਲ ਦਾ ਪ੍ਰਧਾਨ ਅੰਮ੍ਰਿਤਧਾਰੀ ਨਹੀਂ, ਜੋ ਮਰਿਯਾਦਾ ਹੈ, ਸ਼੍ਰੋਮਣੀ ਕਮੇਟੀ ਮੈਂਬਰ ਰਮਾਇਣ ਦੇ ਪਾਠ ਕਰਾਉਂਦੇ ਹਨ – ਤੁਸੀਂ ਕੋਈ ਐਕਸ਼ਨ ਲਿਆ?

੬– ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਪੀ.ਏ. ਬੇਦੀ ਜਿਸ ਦੇ ਕੁਕਰਮਾਂ ਦੀਆਂ ਫੋਟੋ ਛਪੀਆਂ, ਸਿੱਖੀ ਦਾ ਸਿਰ ਨੀਵਾਂ ਹੋਇਆ। ਉਲਟਾ ਜਿਸ ਪਟਨੇ ਦੇ ਜੱਥੇਦਾਰ ਨੂੰ ਅੱਜ ਮੇਰੇ ਵਿਰੁੱਧ ਵਰਤ ਰਹੇ ਹੋ ਉਸੇ ਬੇਦੀ ਨੂੰ ਇਸ ਆਚਰਣਹੀਣਤਾ ਲਈ ਪਟਨਾ ਜੱਥੇਦਾਰ ਕੋਲੋਂ ਉਸਨੂੰ ਕਲੀਨ ਚਿੱਟ ਦੁਆਈ ਗਈ – ਤੁਸੀਂ ਕੋਈ ਐਕਸ਼ਨ ਲਿਆ?

੭– ਇਕ ਡੇਰੇ ਵਿਚ ਜਿਥੇ ਮੁੱਖ ਆਸਣ ਸੰਤਾਂ ਦੀ ਫੋਟੋ ਦਾ ਹੈ ਅਤੇ ਸਾਈਡ ਤੇ ਸ੍ਰੀ ਅਖੰਡ ਪਾਠ ਚਲਦਾ ਹੈ – ਤੁਸੀਂ ਕੋਈ ਐਕਸ਼ਨ ਲਿਆ?

## ਇਹਨਾਂ ਸਭ ਸਵਾਲਾਂ ਦੇ ਜਵਾਬ ਜੱਥੇਦਾਰ ਜੀ ਦੇਣਗੇ????

---

# ੧੮ ਮਈ ੨੦੦੮ ਵੈਨਕੂਵਰ ਸਮਾਗਮ ਵਿੱਚ ਮੇਰੇ ਤੇ ਕੁਝ ਸਵਾਲ ਕੀਤੇ ਗਏ ਸਨ

ਤੁਸੀਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹੋ ਤਾਂ ਫਿਰ ਦੱਸੋ:

੧. ਕਕਾਰਾਂ ਦੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਕੀ ਤੁਸੀਂ ਮੰਨਦੇ ਹੋ?
੨. ਅੰਮ੍ਰਿਤ ਦੀਆਂ ਬਾਣੀਆਂ ਮੰਨਦੇ ਹੋ?
੩. ਨਿਤਨੇਮ ਦੀਆਂ ਬਾਣੀਆਂ ਮੰਨਦੇ ਹੋ?
੪. ਪ੍ਰਿਥਮ ਭਗਉਤੀ ਸਿਮਰ ਕੇ ਮੰਨਦੇ ਹੋ ?
੫. ਸਿੱਖ ਰਹਿਤ ਮਰਿਯਾਦਾ ਵਿੱਚ ਸਭ ਠੀਕ ਹੈ?

**ਜਵਾਬ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਦਸਮ ਪਾਤਸ਼ਾਹ ਜੀ ਤੋਂ ਲਗਭਗ ਸੌ ਸਾਲ ਪਹਿਲਾਂ ਹੋਈ ਹੈ। ਗੁਰੂ ਦਸਮ ਪਾਤਸ਼ਾਹ ਜੀ ਨੇ ਦੂਜੀ ਵਾਰ ਸੰਪਾਦਨਾ ਵੇਲੇ ਕੇਵਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੀ ਸ਼ਾਮਿਲ ਕੀਤੀ ਸੀ, ਆਪਣੀ ਕਿਸੇ ਰਚਨਾ ਜਾਂ ਕੀਤੇ ਕਿਸੇ ਕੰਮ ਦਾ ਜ਼ਿਕਰ ਨਹੀਂ ਕੀਤਾ। ਇਸ ਲਈ ਕਕਾਰਾਂ ਦਾ ਜ਼ਿਕਰ ਹੋਣਾ ਭੀ ਜ਼ਰੂਰੀ ਨਹੀਂ ਹੈ। ਇਹ ਗੱਲ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੈ।ਗੁਰੂ ਗ੍ਰੰਥ ਸਾਹਿਬ ਤੇ ਸਵਾਲ ਉਠਾਣ ਵਾਲੇ ਗੁਰੂ ਤੋਂ ਬੇਮੁੱਖ ਦਸਮ ਗ੍ਰੰਥੀਓ!!!

ਮੈਂ ਪੁੱਛਦਾ ਹਾਂ ਜਿਸ ਗ੍ਰੰਥ ਨੂੰ ਤੁਸੀਂ ਸੰਪੂਰਨ ਰੂਪ ਵਿਚ ਗੁਰੂ ਦਸਮ ਪਾਤਸ਼ਾਹ ਜੀ ਦੀ ਰਚਨਾ ਮੰਨਦੇ ਹੋ, ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਗੁਰੂ ਨੇ ਤੁਹਾਡੇ ਦਸਮ ਗ੍ਰੰਥ ਵਿਚ ਦੇਵੀ ਦੇਵਤਿਆਂ, ਰਾਂਖਸ਼ਾਂ ਦੇ ਜੰਗ ਯੁੱਧ ਮਿਥਹਾਸ ਦੀਆਂ ਲੱਚਰ ਕਿਸਮ ਦੀਆਂ ਤ੍ਰਿਯਾ ਚਰਿੱਤਰ ਵਰਗੀਆਂ ਕਹਾਣੀਆਂ ਤਾਂ ਪੰਜ ਸੌ ਤੋਂ ਉੱਪਰ ਲਿਖ ਦਿੱਤੀਆਂ, ਪਰ ਆਪਣੇ ਸਭ ਤੋਂ ਜ਼ਰੂਰੀ ਕਕਾਰਾਂ ਸਮੇਤ ਅੰਮ੍ਰਿਤ ਛਕਾਣ ਦੇ ਇਤਿਹਾਸ ਦਾ ਕਿਤੇ ਜ਼ਿਕਰ ਨਹੀਂ ਕੀਤਾ। ਤਾਂ ਫਿਰ ਤੁਸੀ ਅੰਮ੍ਰਿਤ ਛਕਾਣ ਦੇ ਇਤਿਹਾਸ ਨੂੰ ਕਿਵੇਂ ਮੰਨਦੇ ਹੋ, ਇਹ ਦਸਮ ਗ੍ਰੰਥ ਵਿੱਚ ਤਾਂ ਹੈ ਨਹੀਂ।

ਮੈਂ ਕਈ ਵਾਰ ਸਪੱਸ਼ਟ ਕਰ ਚੁੱਕਾ ਹਾਂ ਕਿ ਗੁਰੂ ਦਸਮ ਪਾਤਸ਼ਾਹ ਜੀ ਦੀਆਂ ਕੁੱਝ ਰਚਨਾਵਾਂ ਜਿਹਨਾਂ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ ਖੁੱਦ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਕਤ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੱਖ ਕੇ ਗੁਰੂ ਰੂਪ ਵਿਚ ਸਥਾਪਿਤ ਨਹੀਂ ਕੀਤਾ, ਉਹ ਰਚਨਾਵਾਂ ਭੀ ਸਤਿਕਾਰ ਸਹਿਤ ਨਿੱਤ ਪੜਣੀਆਂ ਸਮਝਣੀਆਂ, ਉਹਨਾਂ ਤੋ ਚੰਗੀਆਂ ਪ੍ਰੇਰਨਾ ਲੈਣਾ ਸਾਡਾ ਫਰਜ਼ ਹੈ। ਗੁਰੂ ਦਸਮ ਪਾਤਸ਼ਾਹ ਜੀ ਤੋਂ ਸਿੱਖ ਮੂੰਹ ਨਹੀਂ ਮੋੜ ਸਕਦਾ, ਇਸੇ ਲਈ ਬੜੀ ਖੋਜ ਤੋਂ ਬਾਅਦ ਪੰਥਕ ਰਹਿਤ ਮਰਿਆਦਾ ਵਿਚ ਭੀ ਉਹਨਾਂ ਬਾਣੀਆਂ ਨੂੰ ਨਿੱਤ ਪੜਣ ਲਈ ਪ੍ਰਵਾਣ ਕੀਤਾ ਗਿਆ ਹੈ। ਪਰ ਗੁਰੂ ਦਸਮ ਪਾਤਸ਼ਾਹ ਜੀ ਦੇ ਹੁਕਮ ਮੁਤਾਬਕ ਸਾਡਾ ਗੁਰੂ ਇੱਕੋ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਨਹੀਂ ਹੋ ਸਕਦਾ ਨਾ ਹੋਰ ਕਿਸੇ ਤੇ ਚੌਰ ਝੁਲਾਏ ਜਾਂ ਮੱਥੇ ਟੇਕੇ ਜਾ ਸਕਦੇ ਹਨ।

ਮੈ ਤਾਂ ਇਹ ਭੀ ਕਹਿੰਦਾ ਹਾਂ ਕਿ ਪੰਥਕ ਵਿਦਵਾਨਾਂ ਦਾ ਇਕ ਪੈਨਲ ਬਣਾਓ, ਜੋ ਇਸ ਗ੍ਰੰਥ ਵਿਚੋਂ ਗੁਰੂ ਦਸਮ ਪਾਤਸ਼ਾਹ ਜੀ ਦੀ ਮਹਾਨ ਜੀਵਨ ਸ਼ੈਲੀ ਅਤੇ ਗੁਰੂ ਦਸਮ ਪਾਤਸ਼ਾਹ ਜੀ ਵੱਲੋਂ ਹੀ ਗੁਰੂ ਪਦਵੀ ਤੇ ਸਥਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਪੂਰੀ ਉੱਤਰਦੀ ਰਚਨਾ ਨੂੰ ਵੱਖ ਕਰ ਲਵੋ ਅਤੇ ਗੁਰੂ ਰਚਨਾ ਦੇ ਪੜ੍ਹਦੇ ਵਿਚ ਇਹ ਵਿਸ ਗੰਦਲਾਂ ਧਰੀਆਂ ਖੰਡ ਲਿਵਾੜ ਅਨੁਸਾਰ ਬ੍ਰਾਹਮਣਵਾਦ ਦੀ ਸਾਜਸ਼ ਨਾਲ ਪਾਈਆਂ ਗਈਆਂ ਕਲੰਕਤ ਰਚਨਾਵਾਂ ਨੂੰ ਕੱਢ ਦਿਓ ਤਾਂਕਿ ਸਾਡੇ ਬੱਚੇ ਇਸ ਕਾਲਖ ਦੀ ਪ੍ਰੇਰਨਾ ਤੋਂ ਬਚੇ ਰਹਿਣ। ਸਿੱਖ ਰਹਿਤ ਮਰਿਯਾਦਾ ਨੂੰ ਮੈਂ ਬਾਣੀ ਗੁਰੂ ਦੇ ਤੁੱਲ ਨਹੀਂ ਮੰਨਦਾ ਕਿਉਂਕਿ ਇਸ ਵਿਚ ਪੰਥਕ ਵੀਚਾਰਾਂ ਨਾਲ ਮੁੜ ਕੋਈ ਬਦਲਾਵ ਹੋ ਸਕਦੀ ਹੈ।ਪਰ ਪੰਥਕ ਵਿਦਵਾਨਾਂ ਦੀ ਲੰਬੇ ਸਮੇ ਦੀ ਖੋਜ ਅਤੇ ਵੀਚਾਰਾਂ ਤੋਂ ਬਾਅਦ ਕੀਤੇ ਹੋਏ ਬਹੁਤ ਹੀ ਸੁਚੱਜੇ ਫੈਸਲੇ ਹੋਣ ਕਾਰਨ ਹਰ ਸਿੱਖ ਨੂੰ ਪ੍ਰਵਾਣ ਹੋਣੇ ਚਾਹੀਦੇ ਹਨ।

**ਦਰਸ਼ਨ ਸਿੰਘ ਖ਼ਾਲਸਾ**
**ਸਾਬਕਾ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ**

# ਸਿੰਘ ਸਾਹਿਬ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੱਦਾ

ਸਿੰਘ ਸਾਹਿਬ ਜੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਸਿੰਘ ਸਾਹਿਬ, ਮੈਨੂੰ ਇਕਬਾਲ ਸਿੰਘ ਪਟਨਾ ਸਾਹਿਬ ਦੀ ਚਿੱਠੀ ਦਾ ਦੁੱਖ ਨਹੀਂ, ਕਿਉਂਕਿ ਉਹ ਤਾਂ ਨਾਨਕ ਸ਼ਾਹੀ ਕਲੰਡਰ, ਪੰਥ ਪ੍ਰਵਾਣਿਤ ਰਹਿਤ ਮਰਿਯਾਦਾ ਅਤੇ ਸ੍ਰੀ ਅਕਾਲ ਤਖਤ ਦੀ ਸਰਬ ਉੱਚਤਾ ਨੂੰ ਰੱਦ ਕਰਕੇ ਪੰਥ ਤੋਂ ਅਤੇ ਜੁਗੋ ਜੁੱਗ ਅਟੱਲ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਬਰਾਬਰ ਬਚਿੱਤਰ ਨਾਟਕ ਦਾ ਪ੍ਰਕਾਸ਼ ਕਰਕੇ ਇਉਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਤੋਂ ਬੇਮੁੱਖ ਹੋ ਚੁੱਕਾ ਹੈ ਐਸੇ ਬੇਮੁੱਖ ਮਨੁੱਖ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ, ਪਰ ਜਦੋਂ ਇੱਕੋ ਇੱਕ ਗੁਰੁ ਗ੍ਰੰਥ ਅਤੇ ਪੰਥ ਦਾ ਹੋਕਾ ਦੇਣ ਵਾਲੇ ਨੂੰ ਅਕਾਲ ਤਖਤ ਦਾ ਜੱਥੇਦਾਰ ਅਖਵਾਉਣ ਵਾਲਾ ਆਖੇ ਕਿ ਇਹ ਵਿਵਾਦ ਖੜਾ ਕਰ ਰਿਹਾ ਹੈ ਤਾਂ ਦੁੱਖ ਹੁੰਦਾ ਹੈ ਤੁਸਾਂ ਲਿਖਿਆ ਹੈ {*ਜਦੋਂ ਸਮੁਚੀ ਕੌਮ ਸ਼ਬਦ ਗੁਰੁ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਸਰਗਰਮ ਹੈ ਉਥੇ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਦਸਮ ਗ੍ਰੰਥ ਅਤੇ ਨਿਤਨੇਮ ਦੀਆਂ ਬਾਣੀਆਂ ਬਾਰੇ ਦੁਬਿਧਾ ਪਾਉਣ ਵਾਲੀਆਂ ਗੱਲਾਂ ਕਰ ਰਹੇ ਹਨ*}

ਦਾਸ ਨੇ ਹਜੂਰ ਸਾਹਿਬ, ਨਾਂਦੇੜ ਦੇ ਅਸਥਾਨ ਤੇ ਸੰਗਤ ਦੀ ਹਾਜ਼ਰੀ ਵਿਚ ਨਿਮਰਤਾ ਸਹਿਤ ਪੁੱਛਿਆ ਸੀ ਕਿ ਗੁਰਗੱਦੀ ਦਿਹਾੜਾ ਮਨਾ ਰਹੇ ਹਾਂ।ਕੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦਿੱਤੀ ਤਾਂ ਉਸ ਵਕਤ ਕੋਈ ਹੋਰ ਗ੍ਰੰਥ ਵੀ ਪ੍ਰਕਾਸ਼ ਸੀ? ਜਾਂ ਗੁਰੁ ਜੀ ਨੇ ਕਿਸੇ ਨੂੰ ਅਧਿਕਾਰ ਦਿੱਤਾ ਕੇ ਮੇਰੇ ਤੋਂ ਬਾਅਦ ਤੁਸੀਂ ਗੁਰੂ ਦੇ ਬਰਾਬਰ ਹੋਰ ਗ੍ਰੰਥ ਦਾ ਪ੍ਰਕਾਸ਼ ਕਰ ਸਕਦੇ ਹੋ। ਜੇ ਨਹੀਂ ਤਾਂ ਇਹ ਦੂਜੇ ਗ੍ਰੰਥ ਦਾ ਪ੍ਰਕਾਸ਼ ਕਿਉਂ? ਮੈਂ ਆਪ ਜੀ ਨੂੰ ਇਸ ਪੱਤਰ ਦੇ ਨਾਲ ਹਜੂਰ ਸਾਹਿਬ ਹੋਏ ਕੀਰਤਨ ਦੀ ਵੀਡੀਓ ਭੀ ਭੇਜ ਰਿਹਾ ਹਾਂ ਦੇਖ ਲੈਣਾ ਅਤੇ ਫਿਰ ਆਪਣੇ ਫੈਸਲੇ ਵਿਚ ਕਹੇ ਹੋਏ ਲਫਜ਼ਾਂ ਤੇ ਨਜ਼ਰਸਾਨੀ ਕਰਨਾ।

ਅੱਜ ਤੋਂ ਲਗਭਗ ਸੱਠ ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋਈ ਪੰਥਕ ਰਹਿਤ ਮਰਿਯਾਦਾ ਦਾ ਇਹ ਫੈਸਲਾ ਹੈ ਕਿ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਬਰਾਬਰ {ਤੁੱਲ} ਕਿਸੇ ਪੋਥੀ ਗ੍ਰੰਥ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਕੀ ਉਹ ਪੰਥ ਵਲੋਂ ਖੜਾ ਕੀਤਾ ਇਕ ਵਾਦ ਵਿਵਾਦ ਸੀ ਜਾਂ ਸੱਠ ਸਾਲ ਵਿਚ ਉਸ ਪਵਿੱਤਰ ਫੈਸਲੇ ਨੂੰ ਲਾਗੂ ਨਾ ਕਰ ਸਕਣ ਦੀ ਲੀਡਰਸ਼ਿਪ ਦੀ ਕਮਜ਼ੋਰੀ ਨੂੰ ਛੁਪਾਉਣ ਲਈ ਜਾਂ ਕਿਸੇ ਦੀ ਖੁਸ਼ੀ ਲੈਣ ਲਈ ਮੇਰੇ ਫਰਜ਼ ਚੇਤਾ ਕਰਾਉਣ ਦੇ ਇਹਨਾਂ ਲਫਜ਼ਾਂ ਨੂੰ ਵਾਦ ਵਿਵਾਦ ਕਿਹਾ ਜਾ ਰਿਹਾ?

ਕੀ ਅੱਜ ਫਿਰ ਆਪ ਜੀ ਨੂੰ ਇਹ ਫੈਸਲਾ ਨਹੀਂ ਸੁਨਾਉਣਾ ਪਿਆ ਕਿ ਗੁਰਗੱਦੀ ਕੇਵਲ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ ਬਚਿੱਤਰ ਨਾਟਕ ਨੂੰ ਨਹੀਂ ਮਿਲੀ।ਇਸ ਲਈ ਹੋਰ ਕਿਸੇ ਗ੍ਰੰਥ ਦਾ ਬਰਾਬਰ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ।ਤਾਂ ਫਿਰ ਤੁਹਾਡਾ ਫੈਸਲਾ ਤੇ ਵਾਦ ਵਿਵਾਦ ਕਿਓਂ ਨਹੀਂ ਅਤੇ ਮੇਰੇ ਲਫਜ਼ ਵਾਦ ਵਿਵਾਦ ਕਿਵੇਂ ਹੋਏ? ਬਾਕੀ ਨਿਤਨੇਮ ਦੀਆਂ ਬਾਣੀਆਂ ਦਾ ਵਾਦ ਵਿਵਾਦ ਤਾਂ ਮੈਂ ਕਦੀ ਕੀਤਾ ਹੀ ਨਹੀਂ। ਫਿਰ ਇਹ ਗਲ ਬਾਰ ਬਾਰ ਕਿਉਂ ਦੁਹਰਾਈ ਜਾ ਰਹੀ ਹੈ?

ਤੁਹਾਡੇ ਹੀ ਫੈਸਲੇ ਦੀ ਇੱਕ ਹੋਰ ਗੱਲ ਤੁਹਾਨੂੰ ਯਾਦ ਕਰਾਕੇ ਬੇਨਤੀ ਕਰਨਾ ਚਾਹੁੰਦਾ ਹਾਂ। ਤੁਸਾਂ ਅਪਣੇ ਪਹਿਲੇ ਨੰਬਰ ਦੇ ਫੈਸਲੇ ਦੇ ਆਰੰਭ ਵਿੱਚ ਲਿਖਿਆ ਹੈ ਕਿ {*ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ੩੦੦ ਸਾਲਾ ਗੁਰਤਾ ਗੱਦੀ ਦਿਵਸ ਸਮੁੱਚੇ ਸਿੱਖ ਪੰਥ ਲਈ ਗੁਰੁ ਗ੍ਰੰਥ ਗੁਰੁ ਪੰਥ ਦੇ ਸਿਧਾਂਤ ਪ੍ਰਤੀ ਵਚਨ ਬੱਧਤਾ ਪ੍ਰਗਟਾਉਣ ਦਾ ਸੁਨਿਹਰੀ ਮੌਕਾ ਹੈ*} ਤਾਂ ਫਿਰ ਗੁਰੁ ਗ੍ਰੰਥ ਦੇ ਬਰਾਬਰ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਨਾ ਹੋਵੇ ਇਸ ਸਿਧਾਂਤ ਨੂੰ ਪ੍ਰਗਟਾਉਣ ਦਾ ਇਹ ਸੁਨਹਰੀ ਮੌਕਾ ਨਹੀਂ? ਕੀ ਤੁਸੀਂ ਇਹ ਠੀਕ ਸਮਝਦੇ ਹੋ ਕੇ ਗੁਰਪੁਰਬ ਸਮੇਂ ਲੱਖਾਂ ਜਾਣ ਵਾਲੇ ਅਨਜਾਣ ਸਿੱਖ ਜਾਗਤ ਜੋਤ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਣ ਅਤੇ ਤੁਹਾਡੇ ਫੈਸਲੇ ਅਨੁਸਾਰ ਜਿਹੜਾ ਗੁਰੂ ਨਹੀਂ ਉਸਨੂੰ ਨੂੰ ਭੀ ਮੱਥੇ ਟੇਕਣ ਤੇ ਪਰਕਰਮਾ ਕਰਣ ਦਾ ਗੁਨਾਹ ਕਰਣ। ਮੈਂ ਇੱਕ ਗੱਲ ਨਿਮਰਤਾ ਸਹਿਤ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਫੈਸਲੇ ਮੁਤਾਬਕ ਜੇ ਤੁਸੀਂ ਭੀ ਜਾਕੇ ਇਸ ਬੇਅਦਬੀ ਨੂੰ ਅੱਖੀਂ ਦੇਖ ਕੇ ਪਰਕਰਮਾ ਕਰਕੇ ਮੱਥਾ ਟੇਕੋਗੇ ਤਾਂ ਤੁਸੀਂ ਵੀ ਇਸ ਗੁਨਾਹ ਦੇ ਓਨੇ ਹੀ ਭਾਗੀ ਹੋਵੋਗੇ।

ਇਸ ਲਈ ਪਿਆਰ ਸਹਿਤ ਬੇਨਤੀ ਹੈ ਕਿ ਹਜੂਰ ਸਾਹਿਬ ਅਤੇ ਪਟਨਾ ਸਾਹਿਬ ਵਾਲੇ ਜੱਥੇਦਾਰਾਂ ਨੇ ਤਾਂ ਗੁਰੁ ਗ੍ਰੰਥ ਅਤੇ ਗੁਰੁ ਪੰਥ ਦੋਹਾਂ ਵਲੋਂ ਬੇਮੁੱਖ ਹੋਣ ਦਾ ਫੈਸਲਾ ਸਪੱਸ਼ਟ ਕਰ ਦਿੱਤਾ ਹੈ ਅਤੇ ਸ੍ਰੀ ਅਕਾਲ ਤਖਤ ਦੀ ਸਰਬਉੱਚਤਾ ਨੂੰ ਭੀ ਵੰਗਾਰ ਰਹੇ ਹਨ। ਪਰ ਨਾਨਕ ਸ਼ਾਹੀ ਕਲੈਂਡਰ ਦੀਆਂ ਤਾਰੀਖਾਂ ਅਤੇ ਪੰਥਕ ਰਹਿਤ ਮਰਿਯਾਦਾ ਨੂੰ ਅਣਦੇਖਾ ਕਰਕੇ ਉਹਨਾਂ ਦੇ ਹਿੰਦੂ ਮੱਤ ਦੇ ਕਲੈਂਡਰ ਦੀਆਂ ਤਾਰੀਖਾਂ ਅਨੁਸਾਰ ਅਤੇ ਉਹਨਾਂ ਦੀ ਟੱਲੀਆਂ ਖੜਕਾਉਣ, ਭੰਗ ਦੇ ਪ੍ਰਸ਼ਾਦ ਵਰਤਾਉਣ ਅਤੇ ਗੁਰੁ ਗ੍ਰੰਥ ਵਾਂਗੂੰ ਦੂਜੇ ਗ੍ਰੰਥ ਤੋਂ ਹੁਕਮਨਾਮਾ ਲੈਣ ਦੀ ਮਰਿਯਾਦਾ ਵਿਚ ਸ਼ਾਮਲ ਹੋਕੇ ਅਤੇ ਪੁਰਬ ਮਨਾ ਕੇ ਤੁਸੀਂ ਭੀ ਗੁਰੂ ਗ੍ਰੰਥ ਅਤੇ ਗੁਰੁ ਪੰਥ ਨੂੰ ਜਵਾਬਦੇਹ ਹੋਵੋਗੇ। ਤੁਹਾਡੇ ਤੋਂ ਕੌਮ ਅਗਵਾਈ ਚਾਹੁੰਦੀ ਹੈ।ਸੋ ਸਮੁੱਚੇ ਪੰਥ ਨੂੰ ਅਤੇ ਆਪ ਜੀ ਨੂੰ ਮਿਲਿਆ ਇਹ ਸੁਨਹਿਰੀ ਮੌਕਾ ਹੱਥੋਂ ਨਾ ਗੁਆਓ, ਅਗੇ ਲੱਗੋ ਅਤੇ ਤੀਜੀ ਸ਼ਤਾਬਦੀ ਤੋਂ ਪਹਿਲਾਂ ਪਹਿਲਾਂ ਆਪਣਾ ਕੀਤਾ ਹੋਇਆ ਫੈਸਲਾ ਲਾਗੂ ਕਰਾਉਣ ਦੇ ਉਪਰਾਲੇ ਕਰੋ, ਕੌਮ ਨੂੰ ਗੁਰੂ ਬੇਅਦਬੀ ਦੇ ਗੁਨਾਹ ਤੋਂ ਬਚਾਓ, ਪੰਥਕ ਰਹਿਤ ਮਰਿਯਾਦਾ ਦ੍ਰਿੜ ਕਰਾਓ, ਹੁਣ ਕੌਮ ਜਾਗ ਪਈ ਹੈ ਗੁਰੂ ਅਦਬ ਕਾਇਮ ਹੋਏ ਬਿਨਾ ਚੈਨ ਨਾਲ ਨਹੀਂ ਬੈਠੇਗੀ, ਵਿਸ਼ਵਾਸ਼ ਕਰੋ ਜਿਹੜਾ ਭੀ ਇਸ ਕਾਜ਼ ਲਈ ਅਗੇ ਵਧੇਗਾ ਸਾਰੀ ਕੌਮ ਦੀ ਸ਼ਕਤੀ ਉਸ ਨਾਲ ਖੜ੍ਹੀ ਹੋਵੇਗੀ।

ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

# ਤੀਜੀ ਸ਼ਤਾਬਦੀ – ਦਸਮ ਗੁਰੁ ਜੀ ਦਾ ਹੁਕਮ

## "*ਸਭ ਸਿਖਨ ਕੋ ਹੁਕਮ ਹੈ ਗੁਰੁ ਮਾਨਿਓ ਗ੍ਰੰਥ*"

ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਸਿੱਖ ਅਖਵਾਣ ਵਾਲਿਓ ਉਠੋ ਜਾਗੋ ਕਦੋਂ ਤੱਕ "*ਇਕਾ ਬਾਣੀ ਇਕ ਗੁਰ*" ਦੀ ਬੇਅਦਬੀ ਸਹਾਰਾਂਗੇ । ਅਪਣੇ ਸੱਚੇ ਸਤਿਗੁਰੂ ਜੀ ਦੀ ਬੇਅਦਬੀ ਦੇਖਕੇ ਅਵੇਸਲੇ ਰਹਿਣ ਵਾਲੇ ਸਿੱਖ ਦਾ ਜੀਵਨ ਬੇਅਰਥ ਹੈ।

ਅੱਜ ਅਸੀਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਮਨਾਉਣ ਦੀਆਂ ਗੱਲਾਂ ਕਰ ਰਹੇ ਹਾਂ, ਦੂਜੇ ਪਾਸੇ ਆਰ.ਐਸ.ਐਸ ਦੇ ਹੱਥ ਠੋਕਾ ਬਣ ਚੁਕੇ ਕੁੱਛ ਸਿੱਖ ਚਿਹਰੇ ਸਤਿਗੁਰੂ ਜੀ ਦੇ ਬਰਾਬਰ ਉਸ ਗ੍ਰੰਥ ਨੂੰ ਸਿੰਘਾਸਣ ਤੇ ਸਥਾਪਤ ਕਰ ਰਹੇ ਹਨ ਜਿਸ ਦੇ ਰਾਹੀ ਸਿੱਖ ਨੂੰ ਹਿੰਦੂ ਅਤੇ ਆਚਰਣਹੀਣ ਬਨਾਉਣ ਵਿਚ ਦੇਰ ਨਹੀਂ ਲੱਗਣੀ। ਸਿੱਖੀ ਦੀ ਨਸਲਕੁਸ਼ੀ ਹੋ ਜਾਵੇਗੀ, ਜਾਗੋ ਅਤੇ ਆਪਣੇ ਸੱਚੇ ਸਤਿਗੁਰੂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਉਚੇ ਸਿੰਘਾਸਣ ਦੇ ਦੁਆਲੇ ਇੱਕਤ੍ਰ ਹੋ ਜਾਵੋ।

ਵੀਰੋ, ਸੱਚ ਜਾਣੋ ਮੈਨੂੰ ਕਿਸੇ ਸਨਮਾਨ ਦੀ ਜ਼ਰੂਰਤ ਨਹੀਂ। ਮੈਨੂੰ ਕਿਸੇ ਅਖੌਤੀ ਦਸਮ ਗ੍ਰੰਥੀਏ ਪੰਥ ਦੀਆਂ ਚਿੱਠੀਆਂ ਤੋਂ ਭੀ ਕੋਈ ਭੈ ਨਹੀਂ ਹੈ। ਮੈਂ ਸੱਚੇ ਸਤਿਗੁਰੂ ਜੀ ਦੇ ਦਰ ਦਾ ਕੂਕਰ ਹਾਂ, ਇਕੱਲਾ ਰਹਿ ਜਾਵਾਂ ਤਦ ਵੀ ਅਪਣੇ ਸ਼ਬਦ ਗੁਰੁ ਦੀ ਵਡਿਆਈ ਲਈ ਕੂਕਦਾ ਰਹਾਂਗਾ। ਸਤਿਗੁਰੂ ਦੇ ਸਨਮਾਨ ਦੀ ਕੀਮਤ ਤੇ ਕਿਸੇ ਨਾਲ ਸਮਝੌਤਾ ਨਹੀਂ ਕਰਾਂਗਾ।ਭਲੇ ਲੋਕੋ, ਜਿਸਦੇ ਗੁਰੂ ਦੇ ਸਨਮਾਨ ਨੂੰ ਚੈਲੰਜ ਕੀਤਾ ਜਾ ਰਿਹਾ ਹੋਵੇ ਉਸ ਸਿੱਖ ਦਾ ਕਾਹਦਾ ਸਨਮਾਨ!

ਸਿੰਘੋ, ਮੈਂ ਤੁਹਾਡੇ ਕੋਲੋਂ ਨਾ ਪੈਸਾ ਮੰਗਦਾ ਹਾਂ ਨਾ ਸਨਮਾਨ ਮੰਗਦਾ ਹਾਂ, ਕੇਵਲ ਝੋਲੀ ਅੱਡਕੇ ਅਪਣੇ ਗੁਰੂ ਦਾ, ਤੁਹਾਡੇ ਗੁਰੁ ਦਾ ਸਨਮਾਨ ਮੰਗਦਾ ਹਾਂ। ਵੀਰੋ, ਆਪਣੇ ਵਿਰਸੇ ਨੂੰ ਸਪੱਸ਼ਟ ਹੋ ਕੇ ਸ਼ੰਭਾਲੋ ਸਿੱਖੀ ਦੇ ਜੀਵਨ ਸੋਮੇਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਕਿਸੇ ਵਿਸ਼ੇ ਤੇ ਭਲਕੇ ਭੀ ਦੁਬਿਧਾ ਨਾ ਖੜੀ ਕਰੋ। ਇਹ ਆਰ.ਐਸ.ਐਸ. ਦੀ ਸਾਜਿਸ਼ ਹੋ ਸਕਦੀ ਹੈ, ਕਦੇ ਕਿਸੇ ਹੋਰ ਅਸਲ ਪੋਥੀ ਦੀ ਭਾਲ ਵਿਚ ਪਾ ਦਿਓ, ਕਦੇ ਗੁਰੂ ਅੱਗੇ ਮੱਥਾ ਟੇਕਣ ਤੇ ਸੁਆਲ ਖੜਾ ਕਰ ਦਿਓ, ਕਦੇ ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਗੱਦੀ ਨਸ਼ੀਨੀ ਨੂੰ ਚੈਲੰਜ ਕਰਕੇ ਆਖੋ ਕੇ ਗੱਦੀ ਗੁਰੁ ਗ੍ਰੰਥ ਨੂੰ ਨਹੀਂ ਦਿੱਤੀ ਗਈ, ਸਿੰਘੋ ਗੱਦੀ ਇਕੋ ਇਕ ਅਟੱਲ ਗੁਰੁ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਹੀ ਦਿੱਤੀ ਗਈ ਹੈ।ਹਾਂ ਪੰਥ ਨੂੰ ਗ੍ਰੰਥ ਦੀ ਤਾਬਿਆ ਕੀਤਾ ਗਿਆ ਹੈ, ਗੁਰੁ ਗ੍ਰੰਥ ਕਿਉਂਕਿ ਸਾਡਾ ਸਿੱਖੀ ਸਿਧਾਂਤ ਹੈ ਅਤੇ ਜਿਹੜਾ ਜੀਵਨ ਸ਼ਬਦ ਗੁਰੂ ਦੀ ਤਾਬਿਆ ਖੜਾ ਹੈ ਉਹ ਸਿਧਾਂਤ ਨਾਲ ਪ੍ਰਣਾਇਆ ਪੰਥਕ ਹੈ। ਸਿੰਘੋ, ਤੁਹਾਨੂੰ ਯਾਦ ਹੋਵੇਗਾ ਕੇ ਉਸੇ ਹੀ ਪਦਵੀ ਤੋਂ ਦਾਸ ਨੇ ਸਮੁੰਦਰੀ ਹਾਲ ਵਿਚ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾ ਸਹਾਰਦਿਆਂ ਆਪ ਖੁੱਦ ਅਸਤੀਫਾ ਦੇ ਦਿੱਤਾ ਸੀ ਤੇ ਅੱਜ ਭੀ ਅਪਣੇ ਸ਼ਹਿਨਸ਼ਾਹ ਗੁਰੁ ਗ੍ਰੰਥ ਸਾਹਿਬ ਜੀ ਦੇ ਇਕੋ ਇੱਕ ਸਿੰਘਾਸਣ ਨੂੰ ਦੇਖਣ ਦੀ ਆਸ ਨਾਲ ਜੀਵਾਂਗਾ।

ਅੱਜ ਮੈਂ ਪੰਥ ਅਤੇ ਗ੍ਰੰਥ ਦੇ ਅਦਬ ਲਈ ਵਾਹਦ ਜਿੰਮੇਵਾਰ ਅਖਵਾਂਦੇ ਆਗੂਆਂ ਨੂੰ ਪੁੱਛਦਾ ਹਾਂ ਕਿ ਪੰਥਕ ਰਹਿਤ ਮਰਿਯਾਦਾ ਵਿਚ ਲਿਖੇ ਫੈਸਲੇ ਮੁਤਾਬਕ ਜਿੱਥੇ ਨਿਤਨੇਮ ਦੀਆਂ ਬਾਣੀਆਂ ਪਰਵਾਣ ਹਨ ਓੱਥੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਬਰਾਬਰ ਤੁੱਲ ਕਿਸੇ ਗ੍ਰੰਥ ਜਾਂ ਪੋਥੀ ਦਾ ਪ੍ਰਕਾਸ਼ ਨਹੀਂ ਹੋ ਸਕਦਾ ਲਿਖ ਕੇ ਕਿਸੇ ਹੋਰ ਗ੍ਰੰਥ ਦੀ ਬਰਾਬਰਤਾ ਪ੍ਰਵਾਣ ਨਹੀਂ ਕੀਤੀ ਗਈ ਤਾਂ ਫਿਰ ਅੱਜ ਅਪਣਾ ਹੀ ਫੈਸਲਾ ਲਾਗੂ ਕਰਨ ਤੋ ਮੂੰਹ ਮੋੜ ਕੇ ਕਿਉਂ ਗੁਰੂ ਵੱਲੋਂ ਬੇਦਾਵੀਏ ਹੋ ਰਹੇ ਹੋ। ਅੱਗੇ ਵਧੋ, ਸਿੱਖ ਰਹਿਤ ਮਰਿਆਦਾ ਦਾ ਫੈਸਲਾ ਸਮੁੱਚੇ ਪੰਥਕ ਅਸਥਾਨਾਂ ਤੇ ਲਾਗੂ ਕਰੋ ਜਾਂ ਪੰਥਕ ਦਾਵੇਦਾਰੀ ਛੱਡ ਜਾਓ। ਅੱਜ ਸਾਰਾ ਸਿੱਖ ਪੰਥ ਜਾਗ ਉੱਠਿਆ ਹੈ ਅਤੇ ਗੁਰੂ ਦੇ ਅਦਬ ਲਈ ਇੱਕ ਸ਼ਕਤੀ ਬਣ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਗੁਰੁ ਦੇ ਬਰਾਬਰ ਹੋਰ ਗ੍ਰੰਥਾਂ, ਮੂਰਤੀਆਂ ਅਤੇ ਵਿਅਕਤੀਆਂ ਦੇ ਲਗਦੇ ਸਿੰਘਾਸਣ ਉੱਠ ਜਾਣਗੇ ਅਤੇ ਇਹ ਬਚਨ ਸਫਲ ਹੋਵੇਗਾ

"*ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥*"

ਮੈਂ ਹਰ ਇੱਕ ਸਿੱਖ ਨੂੰ ਯਕੀਨ ਦਵਾਉਂਦਾ ਹੋਇਆ ਬੇਨਤੀ ਕਰਦਾ ਹਾਂ ਕੇ ਜਿਸ ਦਿਨ ਗੁਰੁ ਦਾ ਅਦਬ ਕਾਇਮ ਹੋਇਆ, ਬਾਈ ਮੰਜੀਆਂ ਚੁੱਕੀਆਂ ਗਈਆਂ ਉਸ ਦਿਨ ਸਿੱਖ ਦਾ ਸਨਮਾਨ ਆਪੇ ਹੀ ਬਹਾਲ ਹੋ ਜਾਵੇਗਾ। ਗੁਰੁ ਅਦਬ ਦੀ ਕੀਮਤ ਤੇ ਕੁਰਸੀਆਂ ਪਦਵੀਆਂ ਅਤੇ ਡੇਰੇ ਬਣਾਈ ਬੈਠੇ ਧਾਰਮਿਕ ਅਤੇ ਸਿਆਸੀ ਲੀਡਰ ਆਪੇ ਹੀ ਡੇਰੇ ਸਮੇਟ ਜਾਣਗੇ।

ਤੁਸੀਂ ਗੁਰੂ ਲਈ ਜੀਉਣਾ ਸਿੱਖੋ ਗੁਰੂ ਤੁਹਾਡੇ ਨਾਲ ਬਚਨ ਕਰਦਾ ਹੈ

"*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥*"

**ਦਰਸ਼ਨ ਸਿੰਘ ਖ਼ਾਲਸਾ**
**ਸਾਬਕਾ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ**

# ਬਚਿੱਤਰ ਨਾਟਕੀਆਂ ਦਾ ਇਕ ਹੋਰ ਬਚਿੱਤਰ ਨਾਟਕ

ਜਿਓ ਜਿਓ ਜਾਗੇ ਹੋਏ ਲੋਕਾਂ ਨੇ ਇਹਨਾਂ ਦੇ ਇਸ ਗ੍ਰੰਥ ਨੂੰ ਪੜ੍ਹਨਾ ਸ਼ੁਰੂ ਕੀਤਾ ਹੈ ਅਤੇ ਇਹਨਾਂ ਦੀ ਚਰਿੱਤਰ ਹੀਣਤਾ ਤੋਂ ਜਾਣੂ ਹੋ ਰਹੇ ਹਨ। ਹੁਣ ਇਹਨਾਂ ਨੇ ਕੌਮ ਨੂੰ ਧੋਖਾ ਦੇਣ ਲਈ ਇੱਕ ਹੋਰ ਨਾਟਕ ਸ਼ੁਰੂ ਕੀਤਾ ਹੈ, ਕੁੱਝ ਪੇਡ (paid) ਪ੍ਰਚਾਰਕ ਤਿਆਰ ਕੀਤੇ ਹਨ ਜਿਹੜੇ ਲੋਕਾਂ ਵਿੱਚ ਦਸਮ ਗ੍ਰੰਥ ਵਿਚੋਂ ਪੰਥ ਪ੍ਰਵਾਣਤ ਰਚਨਾਵਾਂ ਜਿਵੇਂ ਜਾਪੁ ਸਾਹਿਬ, ਸਵੈਯੀਏ, ਚੌਪਈ, ਜ਼ਫਰਨਾਮਾ ਅਤੇ ਕੁੱਝ ਹਿੱਸਾ ਅਕਾਲ ਉਸਤਤ ਦਾ ਜਿਹੜਾ ਬਚਿੱਤਰ ਨਾਟਕ ਵਿਚ ਪਾਕੇ, ਇਸ ਗ੍ਰੰਥ ਨਾਲ ਦਸਮ ਪਾਤਸ਼ਾਹ ਜੀ ਦਾ ਨਾਮ ਜੋੜਕੇ ਕੌਮ ਨਾਲ ਧੋਖਾ ਕੀਤਾ ਗਿਆ ਸੀ, ਉਹਨਾਂ ਰਚਨਾਵਾਂ ਦੀ ਕਥਾ ਸੰਗਤ ਵਿਚ ਸੁਨਾਉਣ ਲਈ ਜਾ ਰਹੇ ਹਨ ਅਤੇ ਕਹਿੰਦੇ ਹਨ ਸਾਧ ਸੰਗਤ ਆਓ ਤੁਹਾਨੂੰ ਦਸਮ ਗ੍ਰੰਥ ਦੀ ਬਾਣੀ ਦੀ ਕਥਾ ਸੁਣਾਉਂਦੇ ਹਾਂ।

ਇਹਨਾਂ ਕੋਲੋਂ ਕੋਈ ਪੁੱਛੇ ਕਿ, ਭਲੇ ਲੋਕੋ ਇਹਨਾਂ ਰਚਨਾਵਾਂ ਦਾ ਤਾਂ ਪਹਿਲੇ ਹੀ ਸਾਨੂੰ ਕੋਈ ਵਿਰੋਧ ਨਹੀਂ ਹੈ। ਲੋਕਾਂ ਨੂੰ ਕੇਵਲ ਇਹ ਸੁਣਾ ਕੇ ਕੌਮ ਨੂੰ ਗੁਮਰਾਹ ਨਾ ਕਰੋ। ਇਹਨਾਂ ਨਿਤਨੇਮ ਦੀਆਂ ਰਚਨਾਵਾਂ ਦੇ ਪੜਦੇ ਹੇਠ ਜਿਹੜਾ ੯੦ ਫ਼ੀਸਦੀ ਹਿੰਦੁਤਵ ਅਤੇ ਆਚਰਣਹੀਨਤਾ, ਦੇਵੀ ਦੁਰਗਾ, ਕਾਲਕਾ ਪੂਜਾ, ਚੌਵੀ ਅਵਤਾਰ, ਤ੍ਰਿਯਾ ਚਰਿੱਤਰ, ਨਸ਼ਾ ਖੋਰੀ ਸਿੱਖ ਬਚਿੱਆਂ ਦੀ ਝੋਲੀ ਪਾਉਣਾ ਚਾਹੁੰਦੇ ਹੋ, ਉਸਦੀ ਕਥਾ ਸੰਗਤ ਵਿਚ ਸੁਣਾਓ ਤਾਂਕਿ ਲੋਕ ਤੁਹਾਡੀ ਅਸਲੀਅਤ ਜਾਣ ਸਕਣ।

ਆਓ, ਵਾਸਤਾ ਜੇ ਗੁਰੁ ਗ੍ਰੰਥ ਸਾਹਿਬ ਜੀ ਦਾ ਆਪਣੇ ਨਾਵਾਂ ਨਾਲ ਸਿੰਘ ਸ਼ਬਦ ਜੋੜ ਕੇ ਸਿੱਖ ਵਿਰੋਧੀ ਸਾਜਸ਼ਕਾਰਾਂ ਵੱਲੋਂ ਮਿਲਦੇ ਕੁੱਝ ਕੁ ਲਾਲਚ ਅਤੇ ਪੱਦਵੀਆਂ ਅਧੀਨ ਕੌਮ ਧ੍ਰੋਹੀ, ਸਿੱਖ ਧ੍ਰੋਹੀ ਅਤੇ ਗੁਰੂ ਧ੍ਰੋਹੀ ਨਾ ਬਣੋ। "*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ ਸੱਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥*" ਦੀ ਰੌਸ਼ਨੀ ਵਿਚ ਆਪਣਾ ਅੱਗਾ ਸਵਾਰੋ।

# ਪ੍ਰੈਸ ਨੋਟ

*ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ॥*

ਸਾਨੂੰ ਗੁਰੂ ਸਾਹਿਬ ਇਹ ਸੇਧ ਦਿੰਦੇ ਹਨ ਪਰ ਸਿੱਖੀ ਦੀ ਧਾਰਮਿਕ ਪਦਵੀਆਂ ਦੇ ਨਸ਼ੇ ਵਿੱਚ ਗਲਤਾਨ ਲੀਡਰਸ਼ਿੱਪ ਕਾਰਨ ਅੱਜ ਆਏ ਦਿਨ ਗੁਰੂ ਦੇ ਸ਼ਰੀਕ ਬਣ ਬਹਿਣ ਵਾਲੇ ਮਜ਼ਬੂਤ ਹੋ ਰਹੇ ਹਨ ਅਤੇ ਗੁਰੂ ਦੀ ਬੇਅਦਬੀ ਕਰ ਰਹੇ ਹਨ। ਭਾਵੇਂ ਬਸਤਰਾਂ ਦੀ ਸ਼ਕਲ ਬਣਾ ਗੁਰੂ ਦੀ ਬਰਾਬਰਤਾ ਕਰਨ ਵਾਲਾ ਸੌਦਾ ਸਾਧ ਹੋਵੇ, ਭਾਵੇਂ ਗੁਰੂ ਦੇ ਬਰਾਬਰ ਮੂਰਤੀਆਂ ਅਤੇ ਵਿਅਕਤੀਆਂ ਦੇ ਸਿੰਘਾਸਣ ਲਾਉਣ ਵਾਲੇ ਡੇਰੇਦਾਰ ਹੋਣ, ਭਾਵੇਂ ਸਤਿਗੁਰ ਦੀ ਰੀਸੇ ਕੱਚ ਪਿੱਚ ਬੋਲਣ ਵਾਲੇ ਕੱਚੀ ਬਾਣੀ ਰਾਹੀ ਸੱਚੀ ਬਾਣੀ ਦੀ ਸ਼ਰੀਕੀ ਕਰਦੇ ਹੋਣ ਅਤੇ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੇ ਬਰਾਬਰ ਹੋਰ ਗ੍ਰੰਥ ਦਾ ਸਿੰਘਾਸਣ ਲਾ ਕੇ ਗੁਰੂ ਦੀ ਗੁਰਿਆਈ ਨੂੰ ਚੈਲੰਜ ਕਰ ਰਹੇ ਹੋਣ – ਇਹ ਸਭ ਇੱਕੋ ਹੀ ਸਾਜਿਸ਼ ਦੀ ਕੜੀ ਹਨ।

ਪਰ ਇਸ ਸਾਰੀ ਅਧੋਗਤੀ ਦਾ ਸਾਡੇ ਕੋਲ ਕੋਈ ਇਲਾਜ ਨਹੀਂ, ਇਹ ਸਾਰੇ ਗੁਰੂ ਦੇ ਸ਼ਰੀਕ ਇਸੇ ਤਰ੍ਹਾਂ ਦਨਦਨਾਂਦੇ ਗੁਰੂ ਦੀ ਬੇਅਦਬੀ ਕਰਦੇ ਰਹਿਣਗੇ। ਦੂਜੇ ਪਾਸੇ ਸਾਡੇ ਲੀਡਰ ਕਾਗਜ਼ਾਂ ਵਿੱਚ ਮਤੇ ਕਰਕੇ ਲੋਕਾਂ ਦੀ ਅੱਖੀਂ ਘੱਟਾ ਪਾਉਂਦੇ ਰਹਿਣਗੇ। ਕਿੰਨੀ ਅਜੀਬ ਗੱਲ ਹੈ ਕਿ ਇਹਨਾਂ ਗੁਰੂ ਦੇ ਸ਼ਰੀਕਾਂ ਸਾਹਮਣੇ ਆਵਾਜ਼ ਉਠਾਉਣ ਵਾਲਿਆਂ ਦਾ ਘਰ ਦੇ ਆਗੂ ਵੀ ਮੂੰਹ ਬੰਦ ਕਰਨਾ ਚਾਹੁੰਦੇ ਹਨ ਅਤੇ ਗੁਰੂ ਦ੍ਰੋਹੀ ਵੀ ਡਾਂਗਾਂ ਗੋਲੀਆਂ ਨਾਲ ਉਹਨਾਂ ਦੀ ਆਵਾਜ਼ ਖਾਮੋਸ਼ ਕਰਨਾ ਚਾਹੁੰਦੇ ਹਨ। ਇਹ ਪਾਲਿਸੀ ਉਹਨਾਂ ਦੀ ਸਾਂਝੀ ਹੈ। ਨਹੀਂ ਤਾਂ ਜਿੱਥੇ ਇਹ ਮਤਾ ਕੀਤਾ ਜਾਂਦਾ ਹੈ ਕਿ ਕਿਸੇ ਹੋਰ ਗ੍ਰੰਥ ਨੂੰ ਗੁਰਿਆਈ ਨਹੀਂ ਮਿਲੀ ਤੇ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ।

ਇਹ ਮਤਾ ਤਾਂ ੬੦ ਸਾਲ ਪਹਿਲੇ ਵੀ ਪੰਥਕ ਰਹਿਤ ਮਰਿਯਾਦਾ ਵਿੱਚ ਪੰਥ ਵੱਲੋਂ ਵੀ ਕੀਤਾ ਗਿਆ ਸੀ ਪਰ ਇਹ ਲਾਗੂ ਨਾ ਹੋਇਆ। ਚੰਗਾ ਹੁੰਦਾ ਜੇ ਨਾਲ ਹੀ ਮਤੇ ਵਿੱਚ ਇਹ ਵੀ ਲਿਖ ਦਿੱਤਾ ਜਾਂਦਾ ਕਿ ਪੰਥਕ ਅਸਥਾਨਾਂ ਉਤੇ ਮਰਿਯਾਦਾ ਪੰਥਕ ਹੀ ਹੋਣੀ ਚਾਹੀਦੀ ਹੈ। ਜਿਸ ਅਸਥਾਨ ਉੱਤੇ ਪੰਥਕ ਮਰਿਯਾਦਾ ਦਾ ਵਿਰੋਧ ਅਤੇ ਮਨਮਤ ਚਲਾਈ ਜਾਂਦੀ ਹੋਵੇ, ਉਸ ਅਸਥਾਨ ਨਾਲ ਉਦੋਂ ਤਕ ਸਬੰਧ ਨਾ ਰੱਖਿਆ ਜਾਵੇ ਜਦ ਤੱਕ ਉੱਥੇ ਗੁਰਮਤਿ ਸਿਧਾਂਤ ਲਾਗੂ ਨਾ ਹੋ ਜਾਵੇ।ਸਮੁੱਚੇ ਪੰਥ ਦਾ ਸਬੰਧ ਪੰਥਕ ਸਿਧਾਂਤ ਅਤੇ ਪੰਥਕ ਅਸਥਾਨਾਂ ਨਾਲ ਹੀ ਹੈ। ਇਉਂ ਹੀ ਪੰਥਕ ਮਰਿਯਾਦਾ ਦੀ ਮਜ਼ਬੂਤੀ ਅਤੇ ਮਨਮੱਤ ਨੂੰ ਠੱਲ ਪੈ ਸਕਦੀ ਹੈ। ਪਰ ਇਸ ਤਰ੍ਹਾਂ ਇੱਕੋ ਇੱਕ ਪੰਥਕ ਮਰਿਯਾਦਾ ਨਾਲ ਜੋੜਨ ਵਾਲੇ ਮਤੇ ਕੌਣ ਕਰੇ ? ਹੁਣ ਤਾਂ ਪੰਥਕ ਮਰਿਯਾਦਾ ਦਾ ਪ੍ਰਚਾਰ ਕਰਨ ਵਾਲਿਆਂ ਦੀ ਆਵਾਜ਼ ਖਾਮੋਸ਼ ਕਰਨ ਲਈ ਮਤੇ ਅਕਸਰ ਹੁੰਦੇ ਹੀ ਰਹਿੰਦੇ ਹਨ, ਤਾਂ ਹੀ ਤਾਂ ਆਏ ਦਿਨ ਸੌਦਾ ਸਾਧ ਵਰਗੇ ਗੁਰੂ ਦੇ ਸ਼ਰੀਕ ਜਨਮ ਲੈਂਦੇ ਅਤੇ ਵੱਧਦੇ ਫੁੱਲਦੇ ਰਹਿੰਦੇ ਹਨ।

ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

# ਕੌਮ ਦੇ ਜੁੰਮੇਵਾਰ ਧਾਰਮਿਕ ਆਗੂਆਂ ਨੂੰ ਹਲੂਣਾ

## ਧਰਮ ਅਸਥਾਨਾਂ ਤੇ ਗੁਰਬਾਣੀ ਵਿਰੁੱਧ ਪੱਕੇ ਪੈਰ ਪਸਾਰ ਰਹੇ ਕੁਝ ਜ਼ਰੂਰੀ ਮਸਲੇ

੧. ਜੇ ਹਿੰਦੂ ਮੰਦਰਾਂ ਵਿਚ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰੋਕਿਆ ਗਿਆ ਸੀ ਤਾਂ ਉਸਦਾ ਕਾਰਨ ਸੀ ਸਿੱਖ ਰਹਿਤ ਮਰਿਯਾਦਾ ਅਨੁਸਾਰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਕਿਸੇ ਮੂਰਤੀ ਦਾ ਸਥਾਪਨ ਨਹੀਂ ਹੋ ਸਕਦਾ, ਗੀਤਾ ਰਮਾਇਣ ਆਦਿ ਕਿਸੇ ਕਿਸਮ ਦੇ ਹੋਰ ਗ੍ਰੰਥ ਦਾ ਪ੍ਰਕਾਸ ਨਹੀਂ ਹੋ ਸਕਦਾ। ਗੁਰਬਾਣੀ ਤੋਂ ਬਾਹਰ ਜਾਕੇ ਕਿਸੇ ਕੱਚੀ ਰਚਨਾ ਦਾ ਕੀਰਤਨ ਨਹੀਂ ਹੋ ਸਕਦਾ, ਦੀਵਿਆਂ ਵਾਲੀ ਆਰਤੀ ਜਾਂ ਟੱਲੀਆਂ ਨਹੀਂ ਖੜਕਾਈਆਂ ਜਾ ਸਕਦੀਆਂ।

੨. ਪਰ ਜੇਕਰ ਇਹੋ ਸਭ ਕੁਛ ਸਾਡੇ ਧਰਮ ਅਸਥਾਨਾਂ ਤੇ ਹੋ ਰਿਹਾ ਹੋਵੇ ਅਤੇ ਉਸਤੇ ਕੋਈ ਐਕਸ਼ਨ ਨਾ ਲਿਆ ਜਾਂਦਾ ਹੋਵੇ ਤਾਂ ਉਸ ਸਾਰੀ ਹੋ ਰਹੀ ਮਨਮਤਿ ਦਾ ਕੌਣ ਜੁੰਮੇਵਾਰ ਹੈ?

੩. ਅੱਜ ਜਦੋਂ ਸਟੇਜਾਂ ਤੋਂ ਜਵਾਨ ਪੀੜ੍ਹੀ ਦੇ ਨਸ਼ਿਆਂ ਵਿੱਚ ਗਰਕ ਹੋਣ ਦਾ ਹਾਲ ਪਾਹਰਿਆ ਪਾਇਆ ਜਾਂਦਾ ਹੋਵੇ, ਉਸ ਸਮੇਂ ਸਾਡੇ ਅਨੇਕਾਂ ਧਰਮ ਅਸਥਾਨਾਂ ਤੇ ਗੁਰੂ ਅਸਥਾਨਾਂ ਦੀ ਹਦੂਦ ਵਿਚ ਭੰਗ ਵਰਗਾ ਨਾ ਮੁਰਾਦ ਨਸ਼ਾ ਰਗੜਿਆ ਜਾਂਦਾ ਹੈ, ਗੁਰੂ ਨੂੰ ਭੋਗ ਲੁਆਉਣ ਵਰਗੀ ਬੇਅਦਬੀ ਕੀਤੀ ਜਾਂਦੀ ਹੈ, ਭੰਗ ਦਾ ਨਸ਼ਾ ਸੰਗਤ ਨੂੰ ਗੁਰੂ ਕਾ ਪ੍ਰਸ਼ਾਦ ਆਖ ਕੇ ਵਰਤਾਇਆ ਜਾਂਦਾ ਹੈ। ਗੁਰੂ ਦੋਖੀਆਂ ਨੇ ਸਮੇਂ ਸਮੇਂ ਨਾਲ ਅਨੇਕਾਂ ਗ੍ਰੰਥਾਂ ਰਾਹੀ ਗੁਰਮਤਿ ਵਿਚ ਜਹਿਰ ਘੋਲਦਿਆਂ ਗੁਰੂ ਨੂੰ ਭੰਗ ਅਤੇ ਅਫੀਮ ਦੀ ਵਰਤੋਂ ਕਰਦਾ ਦਿਖਾਇਆ ਅਤੇ ਲਿੱਖ ਦਿਤਾ ਕਿ ਗੁਰੁ ਨਾਨਕ ਨੇ ਸੱਤ ਮੁੱਠਾਂ ਭੰਗ ਲੈਕੇ, ਪ੍ਰਸੰਨ ਹੋਕੇ ਬਾਬਰ ਨੂੰ ਸੱਤ ਪਾਤਸ਼ਾਹੀਆਂ ਦਾ ਵਰ ਦਿੱਤਾ।ਹਾਲਾਂਕਿ ਗੁਰੁ ਨਾਨਕ ਜੀ ਆਪਣੀ ਬਾਣੀ ਵਿਚ ਆਖ ਰਹੇ ਹਨ:

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥*

ਹੇ ਪ੍ਰਭੂ ਤੇਰਾ ਨਿਰਮਲ ਭਉ ਹੀ ਮੇਰੀ ਭੰਗ ਹੈ ਜਿਸ ਨੂੰ ਮੈ ਚਿੱਤ ਦੀ ਪੋਟਲੀ ਵਿਚ ਸੰਭਾਲ ਰੱਖਿਆ ਹੈ, ਬਸ ਇਸੇ ਨਸ਼ੇ ਵਿਚ ਮੈਂ ਮਸਤ ਰਹਿੰਦਾ ਹਾਂ।

ਤਾਂ ਕੀ ਮੈਂ ਪੁੱਛ ਸਕਦਾ ਹਾਂ ਕਿ ਗੁਰੂ ਭੰਗ ਪੀਂਦੇ ਸਨ? ਜੇ ਗੁਰਦੁਆਰੇ ਵਿੱਚ ਸ਼ਰਾਬ ਨਹੀਂ ਜਾ ਸਕਦੀ ਤਾਂ ਕੀ ਭੰਗ ਪ੍ਰਵਾਣ ਹੈ?ਜੇ ਨਹੀਂ ਤਾਂ ਐਸੇ ਅਸਥਾਨਾਂ ਅਤੇ ਐਸੀਆਂ ਸੰਸਥਾਵਾਂ ਤੇ ਕੀ ਐਕਸ਼ਨ ਲਿਆ ਜਾ ਰਿਹਾ ਹੈ? ਅੱਜ ਦਾ ਜਾਗਰੁੱਕ ਸਿੱਖ ਇਹ ਮੰਗ ਕਰਦਾ ਹੈ ਕਿ ਗੁਰਮਤਿ ਦਾ ਪ੍ਰਚਾਰ ਕਰਨ ਵਾਲਿਆਂ ਦਾ ਮੂੰਹ ਬੰਦ ਕਰਨ ਲਈ ਉਹਨਾਂ ਵਿਰੁੱਧ ਫੈਸਲੇ ਕਰਨ ਵਾਲਿਓ, ਕਿਉਂ ਨਹੀਂ ਫੈਸਲੇ ਸੁਣਾਏ ਜਾਂਦੇ ਕਿ ਗੁਰੂ ਘਰਾਂ ਵਿੱਚ ਨਸ਼ਿਆਂ, ਗੁਰੁ ਬੇਅਦਬੀ ਅਤੇ ਮਨਮਤਿ ਦੇ ਪੈਰ ਪੱਕੇ ਕਰਨ ਵਾਲੇ ਲੋਕ ਸਿੱਖ ਨਹੀਂ ਹਨ ਜਾਂ ਫਿਰ ਕੌਮ ਨੂੰ ਸਪਸ਼ੱਟ ਕਰ ਦਿਓ ਕਿ ਭੰਗ ਦਾ ਨਸ਼ਾ ਗੁਰਬਾਣੀ ਗੁਰਮਤਿ ਅਨੁਸਾਰ ਗੁਰੂ ਘਰਾਂ ਵਿਚ ਪ੍ਰਵਾਣ ਹੈ ।ਨਹੀ ਤਾਂ ਦੱਸੋ ਇਸ ਨੂੰ ਰੋਕਨ ਲਈ ਤੁਸੀ ਕੀ ਉਪਰਾਲੇ ਕਰ ਰਹੇ ਹੋ?

ਗੁਰੂ ਗ੍ਰੰਥ ਸਾਹਿਬ ਜੀ ਦੇ ਦਰ ਦਾ ਕੂਕਰ

ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

# ਗੁਰੂ ਅਦਬ ਲਈ ਪੰਥ ਦੀ ਪਹਿਲੀ ਫ਼ਤਹਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਲਈ ਦਾਸ ਵੱਲੋਂ ਅਰੰਭ ਹੋਏ ਸੰਘਰਸ਼ ਵਿਚ ਗੁਰੂ ਲਈ ਪੰਥ ਵੱਲੋਂ ਮਿਲੀ ਸ਼ਕਤੀ ਦੀ ਪਹਿਲੀ ਸਫ਼ਲਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਸਥਾਨ ਤੇ ਸਿੰਘ ਸਹਿਬਾਨ ਦੀ ੬ ਜੂਨ ੨੦੦੮ ਦੀ ਮੀਟਿੰਗ ਵਿੱਚ ਹੋਈ ਵਿਚਾਰ ਅਤੇ ਲਏ ਗਏ ਫੈਸਲਿਆਂ ਦੀ ਰੌਸ਼ਨੀ ਵਿਚ ਕੁੱਝ ਕਹਿਣਾ ਚਾਹੁੰਦਾ ਹਾਂ।

ਸਿੰਘ ਸਾਹਿਬ, ਮੇਰੇ ਨਾਲ ਨਿਤਨੇਮ ਦੀਆਂ ਬਾਣੀਆਂ ਦਾ ਵਿਵਾਦ ਜੋੜਣਾ ਬਿਲਕੁੱਲ ਨਿਰਮੂਲ ਹੈ। ਮੈਂ ਹਰ ਥਾਵੇਂ ਨਿਤਨੇਮ ਦੀਆਂ ਬਾਣੀਆਂ ਨੂੰ ਪੰਥਕ ਰਹਿਤ ਮਰਿਯਾਦਾ ਵਿਚ ਪ੍ਰਵਾਨਿਤ ਹੋਣ ਕਰਕੇ ਪ੍ਰਵਾਣ ਕਰਨ ਦੀ ਹੀ ਪ੍ਰੇਰਣਾ ਦਿੱਤੀ ਹੈ, ਇਹ ਗੱਲ ਮੈਂ ਕਈ ਵਾਰ ਦੁਹਰਾ ਚੁੱਕਾ ਹਾਂ ਅਤੇ ਅੱਜ ਵੀ ਦੁਹਰਾਉਂਦਾ ਹਾਂ।

ਆਪ ਜੀ ਸਭ ਸਿੰਘ ਸਹਿਬਾਨ ਦਾ ਧੰਨਵਾਦ ਹੈ ਕਿ ਤੁਸਾਂ ਇੱਕ ਖੂਬਸੂਰਤ ਫੈਸਲਾ ਲਿਆ ਹੈ {*ਗੁਰੁ ਗੋਬਿੰਦ ਸਿੰਘ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ*} ਇਸਦੇ ਬਾਅਦ ਹੋਰ ਕੋਈ ਵਿਵਾਦ ਹੀ ਨਹੀਂ ਰਹਿ ਜਾਂਦਾ। ਇਤਿਹਾਸ ਜਾਂ ਸਾਹਿਤ ਜਿਸ ਨੂੰ ਚੰਗਾ ਲੱਗੇ ਪੜ੍ਹੇ ਇਸਦਾ ਕੋਈ ਵਿਵਾਦ ਹੀ ਨਹੀਂ। ਇੱਕ ਸਚਾਈ ਦੇ ਸਨਮੁੱਖ ਇਹ ਫੈਸਲਾ ਕਰਕੇ ਤੁਸਾਂ ਸਿੱਖੀ ਜਜ਼ਬਾਤਾਂ ਤੇ ਅਤੇ ਗੁਰੂ ਅਦਬ ਪ੍ਰਤੀ ਮੇਰੇ ਦਿਲੀ ਵਲਵਲਿਆਂ ਨੂੰ ਸਮਝਿਆ ਹੈ।ਹੁਣ ਬੇਨਤੀ ਹੈ ਕਿ ਹਰ ਫੈਸਲਾ ਸਮੇਂ ਤੇ ਲਾਗੂ ਹੋ ਜਾਵੇ ਤਾਂ ਹੀ ਸਫਲ ਹੈ। ਆਪ ਜੀ ਦੇ ਪਹਿਲੇ ਗੁਰਮਤੇ ਦੇ ਅਰੰਭ ਵਿਚ ਲਿਖੇ ਹੋਏ ਬਚਨ ਮੁਤਾਬਕ ਕੇ {*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੩੦੦ ਸਾਲਾ ਗੁਰਤਾ ਗੱਦੀ ਦਿਵਸ ਸਮੂਚੇ ਸਿੱਖ ਪੰਥ ਲਈ ਗੁਰੂ ਗ੍ਰੰਥ ਗੁਰੂ ਪੰਥ ਦੇ ਸਿਧਾਂਤ ਪ੍ਰਤੀ ਵਚਨ ਬਧਤਾ ਪ੍ਰਗਟਾਉਣ ਦਾ ਸੁਨਿਹਰੀ ਮੌਕਾ ਹੈ*} ਇਹ ਬਚਨ ਆਪਾਂ ਸਾਰਿਆਂ ਤੇ ਭੀ ਲਾਗੂ ਹੁੰਦਾ ਹੈ, ਸੋ ਆਪਾਂ ਨੂੰ ਭੀ ਇਸੇ ਸੁਨਿਹਰੀ ਸਮੇਂ ਵਿਚ ਹਰ ਥਾਵੇਂ ਇੱਕੋ ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਘਾਸਣ ਕਾਇਮ ਰੱਖਣ ਦੀ ਵਚਨਬੱਧਤਾ ਲਾਗੂ ਕਰ ਦੇਣੀ ਚਾਹੀਦੀ ਹੈ।

ਹੁਣ ਸਿੱਖ ਜਜ਼ਬਾਤ ਅਤੇ ਦਾਸ ਦਾ ਸੰਘਰਸ਼ ਤੁਹਾਡੇ ਇਸ ਫੈਸਲੇ ਨੂੰ ਲਾਗੂ ਹੋਇਆ ਦੇਖਣਾ ਚਾਹੁੰਦਾ ਹੈ ਅਤੇ ਤਾਂ ਹੀ ਚੈਨ ਲਵੇਗਾ ਇਸ ਪਵਿੱਤਰ ਫੈਸਲੇ ਅਤੇ ਇਸ ਪਵਿੱਤਰ ਕਾਰਜ ਲਈ ਮੇਰੀ ਤਨ ਮਨ ਧਨ ਦੀ ਕੁਰਬਾਨੀ ਸਮੇਤ ਹਰ ਤਰ੍ਹਾਂ ਦੀਆਂ ਸੇਵਾਵਾਂ ਹਾਜ਼ਰ ਹਨ। ਤੁਸੀਂ ਇਸ ਫੈਸਲੇ ਦੀ ਪੂਰਤੀ ਲਈ ਅੱਗੇ ਵਧੋ, ਪ੍ਰੋਗਰਾਮ ਦਿਓ, ਮੇਰੀ ਅਰਦਾਸ ਹੈ ਸ੍ਰੀ ਅਕਾਲ ਤਖਤ ਦੇ ਅਸਥਾਨ ਤੇ ਤੁਹਾਡਾ ਕੀਤਾ ਹੋਇਆ ਫੈਸਲਾ ਸਫਲ ਹੋਵੇ। ਦਾਸ ਇਸ ਪਵਿੱਤਰ ਫੈਸਲੇ ਦੇ ਲਾਗੂ ਹੋਣ ਤਕ ਸੰਗਤ ਨਾਲ ਕੀਤੇ ਵਾਅਦੇ ਮੁਤਾਬਕ ਹਰ ਸਮਾਗਮ ਵਿਚ ਕਾਲਾ ਚੋਲਾ ਪਹਿਨ ਕੇ ਆਪਣੀ, ਤੁਹਾਡੀ, ਸਿੱਖ ਪੰਥ ਦੀ ਗੁਰੂ ਪ੍ਰਤੀ ਵਚਨਬੱਧਤਾ ਯਾਦ ਕਰਾਉਂਦਾ ਰਹੇਗਾ ਜਿਸ ਦਿਨ ਜੁਗੋ ਜੁੱਗ ਅਟੱਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦਾ ਅਦਬ ਕਾਇਮ ਹੋਇਆ ਅਤੇ ਬਰਾਬਰੋਂ ਬਾਈ ਮੰਜੀਆਂ ਚੁੱਕੀਆਂ ਗਈਆਂ ਉਸ ਦਿਨ ਸਿੱਖ ਦਾ ਸਨਮਾਨ ਆਪੇ ਹੀ ਬਹਾਲ ਹੋ ਜਾਵੇਗਾ।

ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਸੇਵਾਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

---

ਪਿਆਰੇ ਖਾਲਸਾ ਜੀ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਇਸ ਸਾਲ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਦੀ ਨਸ਼ੀਨੀ ਦੀ ਤੀਜੀ ਸ਼ਤਾਬਦੀ ਮਨਾ ਰਹੇ ਹਾਂ ਜਦੋਂ ਗੁਰੂ ਦਸਮ ਪਾਤਸ਼ਾਹ ਜੀ ਨੇ ਇੱਕੋ ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੰਘਾਸਨ ਤੇ ਸ਼ੁਸ਼ੋਭਿਤ ਕਰਕੇ ਆਪਣੀ ਹੱਥੀਂ ਗੱਦੀ ਨਸ਼ੀਨੀ ਕੀਤੀ ਅਤੇ ਸਿੱਖ ਪੰਥ ਨੂੰ ਹੁਕਮ ਕੀਤਾ ਸੀ "*ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ*" ਤਦੋਂ ਤੋਂ ਤਖ਼ਤ ਚਵਰ ਦਾ ਮਾਲਕ ਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ੧੯੩੬ ਸਿੱਖ ਰਹਿਤ ਮਰਿਆਦਾ ਵਿਚ ਪੰਥਕ ਫੈਸਲਾ ਲਿੱਖ ਦਿੱਤਾ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ {ਤੁੱਲ} ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਨਹੀ ਹੋ ਸਕਦਾ।੬ ਜੂਨ ੨੦੦੮ ਨੂੰ ਹੁਣ ਫਿਰ ਸ੍ਰੀ ਅਕਾਲ ਤਖਤ ਤੋਂ ਫੈਸਲਾ ਲਿਆ ਗਿਆ ਕਿ ਦਸਮ ਪਾਤਸ਼ਾਹ ਜੀ ਵਲੋਂ ਗੁਰਗੱਦੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਗਈ ਹੈ, ਇਸ ਲਈ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਬਰਾਬਰ ਨਹੀਂ ਕੀਤਾ ਜਾ ਸਕਦਾ।

ਕੱਝ ਭੁੱਲੜ ਅਤੇ ਆਪਣੀ ਮਰਿਆਦਾ ਦੀ ਹਉਮੈ ਵਿਚ ਗ੍ਰਸੇ ਹੋਏ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦੂਜੇ ਗ੍ਰੰਥ ਦਾ ਪ੍ਰਕਾਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਪਦਵੀ ਨੂੰ ਚੈਲੰਜ ਕਰਨ ਦੀ ਘੋਰ ਬੇਅਦਬੀ ਕਰ ਰਹੇ ਹਨ। ਇਸ ਬੇਅਦਬੀ ਨੂੰ ਠੱਲ ਪਾਉਣ ਲਈ ਜ਼ਰੂਰੀ ਹੋ ਗਿਆ ਹੈ ਕਿ ਜਿਸ ਅਸਥਾਨ ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁੱਲ ਕਿਸੇ ਦੂਜੇ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾਂਦਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਾ ਗੁਰਸਿੱਖ ਐਸੀ ਥਾਵੇਂ ਨਮਸ਼ਕਾਰ ਕਰਨ ਨਾ ਜਾਵੇ, ਗੁਰਸਿੱਖ ਦਾ ਸੀਸ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹੀ ਝੁਕਦਾ ਹੈ। ਹਰ ਗੁਰਸਿੱਖ ਹਰ ਹਫਤੇ ਅਪਣਾ ਫਰਜ਼ ਸਮਝਕੇ ਇਸ ਬੇਅਦਬੀ ਨੂੰ ਰੋਕਣ ਲਈ ਚੇਤਾਵਨੀ ਵਜੋਂ ਮੁੱਖ ਅਸਥਾਨਾਂ ਨੂੰ ਇੱਕ ਚਿੱਠੀ ਮੇਲ ਕਰੇ। ਜਿਸਦਾ ਰੂਪ ਅਤੇ ਅਡਰੈਸ ਹੇਠ ਦਿੱਤੇ ਗਏ ਹਨ।

Address:

1. Sri Akal Takhat Sahib, Amiritsar, Punjab, India
2. Takhat Sri Hazoor Sahib, Nanded, Maharashtara, India
3. Takhat Sri Patna Sahib, Bihar, India
4. President SGPC, Amritsar, Punjab, India
5. President DSGMC, New Delhi, India

## ੴ ਵਾਹਿਗੁਰੂ ਜੀ ਕੀ ਫਤਹਿ

**ਵਿਸ਼ਾ :** ***ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਵਿਖੇ ਪੰਥ ਪ੍ਰਵਾਣਿਤ ਰਹਿਤ ਮਰਿਯਾਦਾ ਦੀ ਪਾਲਣਾ ਕਰਨ ਲਈ***

**ਧਿਆਨਯੋਗ**________________________________________________

________________________________________________________

**ਸਤਿਕਾਰ ਸਹਿਤ ਸ੍ਰੀ ਮਾਨ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥**

**ਦਸਮ ਪਾਤਸ਼ਾਹ ਗੁਰੁ ਗੋਬਿੰਦ ਸਿੰਘ ਜੀ ਨੇ ਕੇਵਲ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਹੀ ਗੱਦੀ ਨਸ਼ੀਨੀ ਕੀਤੀ ਸੀ। ਜਦੋਂ ਕੇ ਪੰਥ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਗੁਰਤਾ ਗੱਦੀ ਦਿਵਸ ਮਨਾਉਣ ਲਈ ਉਪਰਾਲੇ ਕਰ ਰਿਹਾ ਹੈ, ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਬਰਾਬਰ {ਤੁੱਲ} ਦਸਮ ਗ੍ਰੰਥ {ਬਚਿੱਤਰ ਨਾਟਕ} ਦਾ ਉਪਰੋਕਤ ਤਖ਼ਤਾਂ ਤੇ ਪ੍ਰਕਾਸ਼ ਕਰਨਾ ਸਿੱਧੀ ਗੁਰੁ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਉਲੰਘਣਾ ਹੈ। ਅਜਿਹਾ ਕਰਨਾ ਪੰਥ ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿਚ ਖੇਡ ਕੇ ਪੰਥ ਵਿਚ ਦੁਬਿਧਾ ਖੜੀ ਕਰਨ ਅਤੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਪਾਪ ਦਾ ਭਾਗੀ ਬਣਨ ਦੇ ਤੁੱਲ ਹੈ।**

**ਜਦੋਂ ਕੇ ੧੯੩੬ ਵਿਚ ਹੇਠ ਲਿਖਿਆ ਪੰਥਕ ਰਹਿਤ ਮਰਿਯਾਦਾ ਦਾ ਫੈਸਲਾ ਹੈ:**
***ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਬਰਾਬਰ {ਤੁਲ} ਕਿਸੇ ਪੁਸਤਕ ਨੂੰ ਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮੱਤ ਦਾ ਤਿਉਹਾਰ ਮਨਾਇਆ ਜਾਵੇ।***

**੬ ਜੂਨ ੨੦੦੮ ਫਿਰ ਸ੍ਰੀ ਅਕਾਲ ਤਖਤ ਸਾਹਿਬ ਤੇ ਸਿੰਘ ਸਾਹਿਬਾਨ ਵਲੋਂ ਹੇਠ ਲਿਖਿਆ ਫੈਸਲਾ ਕੀਤਾ ਗਿਆ ਹੈ:**
***ਸਮੁੱਚੇ ਪੰਥ ਨੂੰ ਵਿਦਤ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਿੱਖ ਪੰਥ ਦੇ ਸਾਹਿਤ ਅਤੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੈ, ਪਰ ਇਸ ਨੂੰ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀਂ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ।***

**ਇਸ ਲਈ ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕੇ ਤਖ਼ਤ ਸਾਹਿਬ ਤੇ ਸਿਰਫ ਤੇ ਸਿਰਫ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਕੀਤਾ ਜਾਵੇ ਜੀ।**

**ਧੰਨਵਾਦ ਸਹਿਤ ਆਪ ਦਾ ਹਿਤੂ**

**੧–ਸ੍ਰੀ ਅਕਾਲ ਤਖਤ ਸਾਹਿਬ**
**੨–ਤਖਤ ਸ੍ਰੀ ਪਟਨਾ ਸਾਹਿਬ**
**੩–ਤਖਤ ਸ੍ਰੀ ਹਜ਼ੂਰ ਸਾਹਿਬ**
**੪–ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**
**੫–ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

ੴ ਵਾਹਿਗੁਰੂ ਜੀ ਕੀ ਫਤਹਿ

***Subject*: Takht Sri Hazoor Sahib and Patna Sahib must follow Sikh Rehat Maryada**

Attention: ______________________________________________________________
_____________________________________________________________________

Respected Singh Sahib,

Waheguru Ji Ka Khalsa Waheguru Ji Ki Fateh

As Sikh panth is celebrating Tercentenary celebrations of Sri Guru Granth Sahib Ji's Guruship as sanctified by Sri Guru Gobind Singh Ji, it is a transgression and strict violation of his edict to do parallel prakash of Dasam Granth along with Sri Guru Granth Sahib Ji. It cannot be treated at par with Sri Guru Granth Sahib Ji. Doing this is creating dilemma and disesteeming the reverence of Sri Guru Granth Sahib Ji, which is an offence and playing in the hands of anti-sikh elements.

**As per Sikh Rehat Maryada (Chapter 4, Article 5) which was approved in 1936:**
*No book should be installed like and at par with the Sri Guru Granth Sahib Ji. Worship of any idol or any ritual or activity should not be allowed to be conducted inside the Gurudwara. Nor should the festival of any other faith be allowed to be celebrated inside the Gurudwara.*

**Again on 6 June 2008 following edict was passed at Sri Akal Takht Sahib, Amritsar.**
*Dasam Granth is inseparable scripture of Sikh panth's history and literature, but Sri Guru Gobind Singh Ji didn't give same recognition as Sri Guru Granth Sahib Ji. He sanctified only Sri Guru Granth Sahib Ji, so parallel prakash of any other granth cannot be done along with Sri Guru Granth Sahib Ji.*

Therefore, I humbly request you that only Sri Guru Granth Sahib Ji's prakash should be done at Takht Sahib.

With regards.
Servant of Sikh Panth

Copy to:
Sri Akal Takht Sahib
Takht Sri Patna Sahib
Takht Sri Hazoor Sahib
SGPC, Amritsar
DSGMC, New Delhi

ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਉ ਗ੍ਰੰਥ ॥

ਸਿੱਖ ਪਾਰਲੀਮੈਂਟ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ
ਨਵੀਂ ਦਿੱਲੀ-110 001 ਫੋਨ : 23753716

Sikh Parliament
Guru Gobind Singh Bhawan
Gurdwara Rakab Ganj Sahib,
New Delhi-110 001 Tel.: 23753716

E-mail : sikhparliament@gmail.com

# ਪ੍ਰਣ ਪੱਤਰ

ਮੈਂ ...............................ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਦਾ / ਮੰਨਦੀ ਹਾਂ ਅਤੇ ਇਸਦੇ ਸਤਿਕਾਰ, ਮਾਣ-ਮਰਿਯਾਦਾ ਤੇ ਸਰਵ-ਉਚ ਹਸਤੀ ਨੂੰ ਮੁਕੰਮਲ ਰੂਪ ਵਿੱਚ ਸਵੀਕਾਰਦਾ / ਸਵੀਕਾਰਦੀ ਹਾਂ।

ਮੈਂ ਆਪਣੇ ਜੀਵਨ ਦੀ ਹਰ ਕਾਰਜਸ਼ੈਲੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਿਯਾਦਾ' ਨੂੰ ਅਮਲ ਵਿੱਚ ਲਿਆਉਣ ਲਈ ਯਤਨਸ਼ੀਲ ਰਹਾਂਗਾ / ਰਹਾਂਗੀ। ਮੈਂ ਪੰਥਕ ਫੈਸਲੇ '*ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ*' ਅਨੁਸਾਰ ਕਿਸੇ ਹੋਰ ਗ੍ਰੰਥ / ਪੋਥੀ ਦਾ ਪ੍ਰਕਾਸ਼ ਸਹਿਨ ਨਹੀ ਕਰਾਂਗਾ / ਕਰਾਂਗੀ।

ਮੈਂ ਸਾਰੇ ਸੰਭਵ ਹੀਲੇ ਵਰਤ ਕੇ ਇਨ੍ਹਾਂ ਵਿਚਾਰਾਂ ਦਾ ਪ੍ਰਚਾਰ-ਪਸਾਰ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਾਂਗਾ/ਰਹਾਂਗੀ।

ਮੇਰਾ 'ਸਿੱਖ ਪਾਰਲੀਮੈਂਟ' ਦਾ ਮੈਂਬਰ ਬਣਨਾ ਸਵੈ-ਇੱਛਾ ਦੁਆਰਾ ਲਿਆ ਗਿਆ ਇੱਕ ਗੈਰ-ਰਾਜਸੀ ਪਵਿੱਤਰ ਪ੍ਰਣ ਹੈ।

**ਦਸਤਖਤ**

Name : ………………………………..
Address : ………………………………..
…………………………………
…………………………………
Phone :………………………………..
Mobile :………………………………..
E-mail :………………………………..